
## ਕੀ ਤੁਸੀਂ ਕਿਸੀ ਇਹੋ ਜਿਹੇ ਵਿਅਕਤੀ ਨੂੰ ਜਾਣਦੇ ਹੋ ਜੋ ਬਿਨਾਂ ਲਾਇਸੈਂਸ ਤੋਂ ਇਮੀਗ੍ਰੇਸ਼ਨ ਬਾਰੇ ਸਲਾਹ ਦੇ ਰਿਹਾ ਹੋਵੇ?

ਇਮੀਗ੍ਰੇਸ਼ਨ ਅਡਵਾਇਜ਼ਰਜ਼ ਅਥਾਰਿਟੀ ਨਾਲ ਸੰਪਰਕ ਕਰੋ। ਸਾਨੂੰ ਜਾਣਕਾਰੀ ਪ੍ਰਦਾਨ ਕਰਨ ਨਾਲ ਤੁਹਾਡੇ ਇਮੀਗ੍ਰੇਸ਼ਨ ਦਰਜੇ ਤੇ ਕੋਈ ਅਸਰ ਨਹੀਂ ਪਵੇਗਾ।

ਇਮੀਗ੍ਰੇਸ਼ਨ ਅਡਵਾਇਜ਼ਰਜ਼ ਅਥਾਰਿਟੀ ਇਮੀਗ੍ਰੇਸ਼ਨ ਬਾਰੇ ਸਲਾਹ ਲੈ ਰਹੇ ਲੋਕਾਂ ਦੀ ਰੁਚੀ ਦਾ ਸਮਰਥਨ ਕਰਦੀ ਹੈ ਅਤੇ ਰੱਖਿਆ ਕਰਦੀ ਹੈ।




### ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ:

› ਲਾਇਸੈਂਸਸ਼ੁਦਾ ਇਮੀਗ੍ਰੇਸ਼ਨ ਸਲਾਹਕਾਰ ਲੱਭਣ ਵਿੱਚ
› ਇਹ ਸਮਝਣ ਵਿੱਚ ਕਿ ਲਾਇਸੈਂਸਸ਼ੁਦਾ ਸਲਾਹਕਾਰ ਕਿਵੇਂ ਬਣਨਾ ਹੈ
› ਜੇਕਰ ਤੁਹਾਨੂੰ ਇਮੀਗ੍ਰੇਸ਼ਨ ਬਾਰੇ ਮਾੜੀ ਸਲਾਹ ਮਿਲੀ ਹੈ।

### ਅਸੀਂ

› ਇਮੀਗ੍ਰੇਸ਼ਨ ਬਾਰੇ ਸਲਾਹ ਨਹੀਂ ਦੇ ਸਕਦੇ
› ਇੱਕ ਤੋਂ ਬਾਅਦ ਦੂਜੇ ਸਲਾਹਕਾਰ ਦੀ ਸਿਫ਼ਾਰਸ਼ ਨਹੀਂ ਕਰਦੇ।

### ਸੰਪਰਕ

ਇਮੀਗ੍ਰੇਸ਼ਨ ਅਡਵਾਇਜ਼ਰਜ਼ ਅਥਾਰਿਟੀ
info@iaa.govt.nz
0508 422 422 (ਨਿਊਜ਼ੀਲੈਂਡ ਤੋਂ ਮੁਫ਼ਤ)
+64 9 925 3838 (ਨਿਊਜ਼ੀਲੈਂਡ ਤੋਂ ਬਾਹਰ)
www.iaa.govt.nz

IAA 3907 FEB 24

## ਮੁਕਤ ਲੋਕ

ਤੁਹਾਨੂੰ ਇਮੀਗ੍ਰੇਸ਼ਨ ਬਾਰੇ ਸਲਾਹ ਦੇਣ ਲਈ ਮੁਕਤ ਲੋਕਾਂ ਕੋਲ ਲਾਇਸੈਂਸ ਹੋਣ ਦੀ ਲੋੜ ਨਹੀਂ ਹੈ। ਕੁਝ ਮੁਕਤ ਲੋਕ ਹਨ:

### ਨਿਊਜ਼ੀਲੈਂਡ ਦੇ ਵਕੀਲ

ਨਿਊਜ਼ੀਲੈਂਡ ਦੇ ਵਕੀਲ ਬਿਨਾਂ ਲਾਇਸੈਂਸ ਤੋਂ ਇਮੀਗ੍ਰੇਸ਼ਨ ਬਾਰੇ ਸਲਾਹ ਦੇ ਸਕਦੇ ਹਨ ਬਸ਼ਰਤੇ ਉਨ੍ਹਾਂ ਕੋਲ ਨਿਊਜ਼ੀਲੈਂਡ ਕਾਨੂੰਨ ਸੁਸਾਇਟੀ ਵੱਲੋਂ ਦਿੱਤਾ ਗਿਆ ਮੌਜੂਦਾ ਪ੍ਰੈਕਟਿਸਿੰਗ ਸਰਟੀਫ਼ਿਕੇਟ ਹੋਵੇ। ਵਕੀਲ ਦੀ ਭਾਲ ਇੱਥੇ ਕਰੋ: www.lawsociety.org.nz

NEW ZEALAND LAW SOCIETY
NZLS EST 1869

### ਨਿਊਜ਼ੀਲੈਂਡ ਤੋਂ ਬਾਹਰ ਦੇ ਸਿੱਖਿਆ ਪ੍ਰਤਿਨਿਧ

ਨਿਊਜ਼ੀਲੈਂਡ ਤੋਂ ਬਾਹਰ ਦੇ ਸਿੱਖਿਆ ਪ੍ਰਤੀਨਿਧ ਸਟੂਡੈਂਟ ਵੀਜ਼ਾ ਲਈ ਬਿਨਾਂ ਲਾਇਸੈਂਸ ਤੋਂ ਇਮੀਗ੍ਰੇਸ਼ਨ ਬਾਰੇ ਸਲਾਹ ਦੇ ਸਕਦੇ ਹਨ।

ਨਿਊਜ਼ੀਲੈਂਡ ਦੇ ਵਿੱਚ ਸਿੱਖਿਆ ਪ੍ਰਤੀਨਿਧ ਕਿਸੇ ਵੀ ਵੀਜ਼ਾ ਬਾਰੇ ਇਮੀਗ੍ਰੇਸ਼ਨ ਸਲਾਹ ਦੇਣ ਲਈ ਲਾਇਸੈਂਸਸ਼ੁਦਾ ਹੋਣੇ ਲਾਜ਼ਮੀ ਹਨ।

### ਇਮੀਗ੍ਰੇਸ਼ਨ ਨਿਊਜ਼ੀਲੈਂਡ

ਇਮੀਗ੍ਰੇਸ਼ਨ ਨਿਊਜ਼ੀਲੈਂਡ www.immigration.govt.nz 'ਤੇ ਵੀਜ਼ਾ ਅਪਲਾਈ ਕਰਨ ਲਈ ਫ਼ਾਰਮ ਅਤੇ ਗਾਈਡ ਲੱਭਣ ਲਈ ਤੁਹਾਡੀ ਮਦਦ ਕਰ ਸਕਦੀ ਹੈ।

NEW ZEALAND IMMIGRATION

ਮੁਕਤ ਲੋਕਾਂ ਦੀ ਪੂਰੀ ਸੂਚੀ ਲਈ www.iaa.govt.nz 'ਤੇ ਜਾਓ।

IMMIGRATION ADVISERS AUTHORITY

ਤੁਹਾਡਾ ਪੱਥ-ਪ੍ਰਦਸ਼ਕ

# ਨਿਊਜ਼ੀਲੈਂਡ ਦੇ ਲਾਇਸੈਂਸਸ਼ੁਦਾ ਇਮੀਗ੍ਰੇਸ਼ਨ ਸਲਾਹਕਾਰਾਂ ਬਾਰੇ

ਨਿਊਜ਼ੀਲੈਂਡ ਦੇ ਵਿੱਚ ਜਾਂ ਬਾਹਰ ਤੋਂ ਇਮੀਗ੍ਰੇਸ਼ਨ ਬਾਰੇ ਸਲਾਹ ਪ੍ਰਦਾਨ ਕਰ ਰਹੇ ਕਿਸੇ ਵੀ ਵਿਅਕਤੀ ਨੂੰ ਇਮੀਗ੍ਰੇਸ਼ਨ ਅਡਵਾਇਜ਼ਰਜ਼ ਅਥਾਰਿਟੀ ਵੱਲੋਂ ਲਾਇਸੈਂਸਸ਼ੁਦਾ ਹੋਣਾ ਲਾਜ਼ਮੀ ਹੈ, ਜੇਕਰ ਮੁਕਤ ਨਹੀਂ ਹੈ।

PUNJABI



MINISTRY OF BUSINESS, INNOVATION & EMPLOYMENT
HĪKINA WHAKATUTUKI
Te Kāwanatanga o Aotearoa
New Zealand Government

## ਲਾਇਸੈਂਸਸ਼ੁਦਾ ਸਲਾਹਕਾਰ ਤੋਂ ਸਲਾਹ ਲੈਣ ਦੇ ਲਾਭ

ਜੇਕਰ ਤੁਹਾਨੂੰ ਇਮੀਗ੍ਰੇਸ਼ਨ ਬਾਰੇ ਸਲਾਹ ਦੀ ਲੋੜ ਹੈ, ਤਾਂ ਲਾਇਸੈਂਸਸ਼ੁਦਾ ਸਲਾਹਕਾਰਾਂ ਕੋਲ ਇਸਦੀ ਵਿਸ਼ੇਸ਼ ਮੁਹਾਰਤ ਹੁੰਦੀ ਹੈ। ਉਨ੍ਹਾਂ ਨੇ ਯੋਗਤਾ ਦੇ ਮਿਆਰ ਪੂਰੇ ਕੀਤੇ ਹਨ ਅਤੇ ਉਹ ਪੇਸ਼ੇਵਰ ਵਿਹਾਰ ਦੇ ਨਿਯਮਾਂ ਦਾ ਪਾਲਣ ਕਰਦੇ ਹਨ।



### ਵਿਹਾਰ ਦੇ ਨਿਯਮ ਸਲਾਹਕਾਰਾਂ ਤੋਂ ਮੰਗ ਕਰਦੇ ਹਨ ਕਿ ਉਹ:

› ਇਮਾਨਦਾਰ, ਪੇਸ਼ਾਵਰ ਅਤੇ ਆਦਰ ਕਰਨ ਵਾਲੇ ਹੋਣ
› ਤੁਹਾਨੂੰ ਸਮੇਂ ਸਿਰ ਨਿਰੰਤਰ ਅਪਡੇਟ ਪ੍ਰਦਾਨ ਕਰਦੇ ਹੋਣ
› ਉਚਿੱਤ ਅਤੇ ਵਾਜਬ ਫ਼ੀਸ ਲੈਂਦੇ ਹੋਣ।

### ਲਾਇਸੈਂਸਸ਼ੁਦਾ ਸਲਾਹਕਾਰ ਤੁਹਾਡੀ ਮਦਦ ਕਰ ਸਕਦੇ ਹਨ:

› ਤੁਹਾਡੇ ਸਾਰੇ ਵੀਜ਼ਾ ਵਿਕਲਪਾਂ ਦੀ ਛਾਣਬੀਨ ਕਰਕੇ ਸਹੀ ਵੀਜ਼ੇ ਦੀ ਚੋਣ ਕਰਨ ਵਿੱਚ
› ਤੁਹਾਡੀ ਵੀਜ਼ਾ ਦਰਖ਼ਾਸਤ ਨੂੰ ਤਿਆਰ ਕਰਨ ਵਿੱਚ
› ਨਿਊਜ਼ੀਲੈਂਡ ਵਿੱਚ ਸੈਟਲ ਹੋਣ ਵਿੱਚ
› ਇਹ ਮੁਲਾਂਕਣ ਕਰਨ ਵਿੱਚ ਕਿ ਜੇਕਰ ਤੁਸੀਂ ਤੁਹਾਡੇ ਨਾਮਨਜ਼ੂਰ ਹੋਏ ਵੀਜ਼ੇ ਦੀ ਅਪੀਲ ਕਰ ਸਕਦੇ ਹੋ
› ਇਹ ਮੁਲਾਂਕਣ ਕਰਨਾ ਕਿ ਜੇਕਰ ਤੁਸੀਂ ਨਿਊਜ਼ੀਲੈਂਡ ਵਿੱਚ ਗ਼ੈਰਕਨੂੰਨੀ ਢੰਗ ਨਾਲ ਰਹਿ ਰਹੇ ਹੋ।

### ਫ਼ੀਸ ਅਤੇ ਸੇਵਾਵਾਂ

ਲਾਇਸੈਂਸਸ਼ੁਦਾ ਸਲਾਹਕਾਰ ਮੁਹਾਰਤ ਵਿੱਚ, ਫ਼ੀਸ ਅਤੇ ਉਨ੍ਹਾਂ ਦੁਆਰਾ ਪੇਸ਼ ਕੀਤੀ ਸੇਵਾ ਦਾ ਪੱਧਰ ਦੇ ਮੁਤਾਬਕ ਭਿੰਨ-ਭਿੰਨ ਹੁੰਦੇ ਹਨ। ਤੁਹਾਨੂੰ ਇਹ ਫੈਸਲਾ ਕਰਨ ਤੋਂ ਪਹਿਲਾਂ ਕੁਝ ਸਲਾਹਕਾਰਾਂ ਨਾਲ ਗੱਲ ਕਰਨੀ ਪਏਗੀ ਕਿ ਕਿਹੜਾ ਸਲਾਹਕਾਰ ਤੁਹਾਡੀਆਂ ਲੋੜਾਂ ਮੁਤਾਬਕ ਢੁਕਵਾਂ ਹੈ।

## ਲਾਇਸੈਂਸਸ਼ੁਦਾ ਇਮੀਗ੍ਰੇਸ਼ਨ ਸਲਾਹਕਾਰ


### ਲਾਇਸੈਂਸਸ਼ੁਦਾ ਸਲਾਹਕਾਰ ਲੱਭਣਾ

ਇਮੀਗ੍ਰੇਸ਼ਨ ਅਡਵਾਇਜ਼ਰਜ਼ ਅਥਾਰਿਟੀ www.iaa.govt.nz ‘ਤੇ ਇੱਕ ਆਨਲਾਈਨ ਸੂਚੀ ਰੱਖਦੀ ਹੈ ਜੋ ਕਿ ਤੁਹਾਡੀ ਮਦਦ ਕਰਦਾ ਹੈ:

› ਇਮੀਗ੍ਰੇਸ਼ਨ ਸਲਾਹਕਾਰ ਨੂੰ ਲੱਭਣ ਵਿੱਚ
› ਸਲਾਹਕਾਰ ਦਾ ਸੰਪਰਕ ਵੇਰਵਾ ਦੇਖਣ ਵਿੱਚ
› ਸਲਾਹਕਾਰ ਦੇ ਲਾਇਸੈਂਸ ਦਾ ਬਿਰਤਾਂਤ ਦੇਖਣ ਵਿੱਚ।

### ਵਾਲੇਟ ਕਾਰਡ (Wallet Card) ਦੇਖੋ

ਸਾਰੇ ਲਾਇਸੈਂਸਸ਼ੁਦਾ ਇਮੀਗ੍ਰੇਸ਼ਨ ਸਲਾਹਕਾਰਾਂ ਕੋਲ ਵਾਲੇਟ ਕਾਰਡ ਹੁੰਦਾ ਹੈ। ਫ਼ੋਟੋ ਵਿੱਚ ਦਿਸ ਰਿਹਾ ਵਿਅਕਤੀ ਹੀ ਤੁਹਾਨੂੰ ਇਮੀਗ੍ਰੇਸ਼ਨ ਬਾਰੇ ਸਲਾਹ ਦੇ ਸਕਦਾ ਹੈ।




ਆਨਲਾਈਨ ਸੂਚੀ ਦੀ ਵਰਤੋਂ ਕਰਦੇ ਹੋਏ ਅਥਾਰਿਟੀ ਨੂੰ info@iaa.govt.nz ਜਾਂ 0508 422 422 ‘ਤੇ ਸੰਪਰਕ ਕਰੋ।

## ਲਾਇਸੈਂਸਸ਼ੁਦਾ ਨਾ ਹੋਣ ਜਾਂ ਮੁਕਤ ਨਾ ਹੋਣ ਵਾਲੇ ਵਿਅਕਤੀ ਤੋਂ ਸਲਾਹ ਲੈਣ ਦੇ ਨੁਕਸਾਨ

### ਨੁਕਸਾਨ



ਲਾਇਸੈਂਸਸ਼ੁਦਾ ਨਾ ਹੋਣ ਜਾਂ ਮੁਕਤ ਨਾ ਹੋਣ ਵਾਲੇ ਵਿਅਕਤੀ ਤੋਂ ਸਲਾਹ ਲੈਣ ਦੇ ਨੁਕਸਾਨ ਹਨ:

› ਤੁਹਾਡੀ ਵੀਜ਼ਾ ਦਰਖ਼ਾਸਤ ਇਮੀਗ੍ਰੇਸ਼ਨ ਨਿਊਜ਼ੀਲੈਂਡ (INZ) ਦੁਆਰਾ ਵਾਪਿਸ ਭੇਜ ਦਿੱਤੀ ਜਾਵੇਗੀ। INZ ਗੈਰਕਾਨੂੰਨੀ ਢੰਗ ਨਾਲ ਕੰਮ ਕਰ ਰਹੇ ਬਿਨਾਂ ਲਾਇਸੈਂਸ ਵਾਲੇ ਵਿਅਕਤੀਆਂ ਤੋਂ ਦਰਖ਼ਾਸਤ ਸਵੀਕਾਰ ਨਹੀਂ ਕਰਦੀ।
› ਬਿਨਾਂ ਲਾਇਸੈਂਸ ਵਾਲੇ ਵਿਅਕਤੀ ਤੁਹਾਡੇ ਜਾਂ INZ ਪ੍ਰਤੀ ਇਮਾਨਦਾਰ ਨਹੀਂ ਹੋ ਸਕਦੇ। ਤੁਹਾਡੀ ਵੀਜ਼ਾ ਦਰਖ਼ਾਸਤ ਦੇ ਅਧਾਰ ਤੇ ਨਿਰਭਰ ਹੋਣਾ ਕਾਨੂੰਨੀ ਜ਼ੁਰਮ ਹੈ ਅਤੇ ਇਹ ਬੇਈਮਾਨੀ ਤੁਹਾਡੇ ਭਵਿੱਖ ਦੇ ਵੀਜ਼ਿਆਂ ਅਤੇ ਨੌਕਰੀਆਂ ‘ਤੇ ਮਾੜਾ ਅਸਰ ਪਾ ਸਕਦੀ ਹੈ।
› ਤੁਹਾਡੀ ਦਰਖ਼ਾਸਤ ਨਾਮਨਜ਼ੂਰ ਕੀਤੀ ਜਾ ਸਕਦੀ ਹੈ ਕਿਉਂਕਿ ਬਿਨਾਂ ਲਾਇਸੈਂਸ ਵਾਲੇ ਵਿਅਕਤੀ ਨੂੰ ਇਮੀਗ੍ਰੇਸ਼ਨ ਬਾਰੇ ਗਿਆਨ ਨਹੀਂ ਹੈ ਅਤੇ ਉਹ ਨਿਪੁੰਨ ਨਹੀਂ ਹੈ।

### ਯਾਦ ਰੱਖੋ

ਉਨ੍ਹਾਂ ਵਿਅਕਤੀਆਂ ਤੋਂ ਦੂਰ ਰਹੋ ਜੋ:

› ਤੁਹਾਡੀ ਵੀਜ਼ਾ ਦਰਖ਼ਾਸਤ ਤੇ ਆਪਣਾ ਨਾਂ ਲਿਖਣ ਤੋਂ ਇਨਕਾਰ ਕਰਦੇ ਹੋਣ
› INZ ਵਿੱਚ ਨਿੱਜੀ ਸੰਪਰਕ ਹੋਣ ਦਾ ਦਾਅਵਾ ਕਰਦੇ ਹੋਣ।
› ਭਰਨ ਤੋਂ ਪਹਿਲਾਂ ਹੀ ਤੁਹਾਨੂੰ ਵੀਜ਼ਾ ਦਰਖ਼ਾਸਤ ਤੇ ਦਸਤਖ਼ਤ ਕਰਨ ਲਈ ਕਹਿੰਦੇ ਹੋਣ। ਤੁਹਾਨੂੰ ਉਸ ਦਸਤਾਵੇਜ਼ ਤੇ ਕਦੇ ਵੀ ਦਸਤਖ਼ਤ ਨਹੀਂ ਕਰਨੇ ਚਾਹੀਦੇ ਜਿਨ੍ਹਾਂ ਬਾਰੇ ਤੁਹਾਨੂੰ ਪਤਾ ਨਾ ਹੋਵੇ।